ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਈ-ਬਲਾਕ, ਫੇਜ਼-8, ਐਸ.ਏ.ਐਸ.ਨਗਰ।

(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਪੰਜਾਬ।

ਮੀਮੋ ਨੰਬਰ- 758471/2025364547

ਮਿਤੀ ਐਸ.ਏ.ਐਸ.ਨਗਰ 16-12-2025

ਵਿਸ਼ਾ:- **ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ (ਕੰਪੋਨੈਂਟ-1), (ਕੰਪੋਨੈਂਟ-2) ਅਤੇ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ ਸਕੀਮ ਤਹਿਤ ਸੈਸ਼ਨ 2025-26 ਦੌਰਾਨ ਡਰਾਪ ਆਊਟ ਵਿਦਿਆਰਥੀਆਂ ਦੀ ਸੂਚਨਾ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਐਂਡ ਅਦਰਜ (ਕੰਪੋਨੈਂਟ-1), (ਕੰਪੋਨੈਂਟ-2) ਅਤੇ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ ਸਕੀਮ ਤਹਿਤ ਸੈਸ਼ਨ 2025-26 ਦੌਰਾਨ ਯੋਗ ਵਿਦਿਆਰਥੀਆਂ ਵੱਲੋਂ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕੀਤਾ ਜਾ ਚੁੱਕਾ ਹੈ ਅਤੇ ਜਲਦ ਹੀ ਇਨ੍ਹਾਂ ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ ਕੀਤੀ ਜਾਣੀ ਹੈ।

ਸੈਸ਼ਨ 2025-26 ਦੌਰਾਨ ਅਪਲਾਈ ਹੋਏ ਵਿਦਿਆਰਥੀਆਂ ਦੇ ਡਾਟੇ ਵਿੱਚ, ਜੇਕਰ ਕੋਈ ਵੀ ਡਰਾਪ ਆਊਟ ਵਿਦਿਆਰਥੀ ਹੈ ਤਾਂ ਡਰਾਪ ਆਊਟ ਵਿਦਿਆਰਥੀਆਂ ਦੀ ਲਿਸਟ ਨਾਲ ਨੱਥੀ ਪ੍ਰੋਫਾਰਮੇ ਵਿਚ ਐਕਸਲ ਫਾਰਮ ਵਿਚ ਅਤੇ ਹਾਰਡ ਕਾਪੀ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੇ ਹਸਤਾਖਰਾ ਹੇਠ ਮਿਤੀ 18.12.2025 ਸਮਾਂ 12:00 ਵਜੇ ਤੱਕ ਹਰ ਹਾਲਤ ਵਿਚ ਭੇਜਣੀ ਯਕੀਨੀ ਬਣਾਈ ਜਾਵੇ।

ਜੇਕਰ ਕਿਸੇ ਡਰਾਪ ਆਊਟ ਵਿਦਿਆਰਥੀ ਨੂੰ ਪੇਮੈਂਟ ਹੋ ਜਾਂਦੀ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅਤੇ ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)-ਕਮ-ਜਿਲ੍ਹਾ ਵਜੀਫਾ ਨੋਡਲ ਅਫਸਰ (ਸੈ.ਸਿ) ਦੀ ਹੋਵੇਗੀ। ਇਸ ਤੋਂ ਇਲਾਵਾ ਜੇਕਰ ਕਿਸੇ ਜਿਲ੍ਹੇ ਵਿਚ ਕੋਈ ਵੀ ਵਿਦਿਆਰਥੀ ਡਰਾਪਆਊਟ ਨਹੀਂ ਹੈ ਤਾਂ ਇਸ ਸਬੰਧੀ ਸੂਚਨਾ ਨਾਲ ਨੱਥੀ ਪ੍ਰੋਫਾਰਮੇ ਵਿਚ ਨਿੱਲ ਭਰਕੇ ਭੇਜੀ ਜਾਵੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

16.12.2025

ਸਹਾਇਕ ਡਾਇਰੈਕਟਰ (ਵਜੀਫਾ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ

ਪਿੱਠ ਅੰਕਣ ਨੰ: ਜੀ-5/1()/2025/250 ਮਿਤੀ: 17-12-2025

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਸਬੰਧਤ ਸਕਾਲਰਸ਼ਿਪ ਸਕੀਮਾਂ ਦੇ ਡਰਾਪ ਆਊਟ ਵਿਦਿਆਰਥੀਆਂ ਦੀ ਸੂਚਨਾ ਨੀਚੇ ਦਿੱਤੇ ਗੂਗਲ ਸ਼ੀਟ ਦੇ ਲਿੰਕ ਵਿੱਚ ਅੱਜ ਸਕੂਲ ਛੱਡਣ ਤੋਂ ਪਹਿਲਾਂ ਪਹਿਲਾਂ ਭਰੀ ਜਾਵੇ। ਜੇਕਰ ਕਿਸੇ ਡਰਾਪ ਆਊਟ ਵਿਦਿਆਰਥੀਆਂ ਨੂੰ ਪੇਮੈਂਟ ਟ੍ਰਾਂਸਫਰ ਹੋ ਜਾਂਦੀ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ। (ਲਿੰਕ ਸਕਾਲਰਸ਼ਿਪ ਗਰੁੱਪ ਵਿੱਚ ਵੀ Share ਕੀਤਾ ਜਾ ਚੁੱਕਾ ਹੈ।)

https://docs.google.com/spreadsheets/d/16kHn8qDZQOl5I9KrKp9zaxQyKh93DWBFWWyYef9tZs/edit?usp=sharing

ਜ਼ਿਲ੍ਹਾ ਸਿੱਖਿਆ ਅਫਸਰ (ਸੈ) 17/12/25

Scanned with OKEN Scanner

Scanned with OKEN Scanner